ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ।

ਦਫ਼ਤਰੀ ਕਾਰਜ ਲਈ ਨੋਟਿਸ

ਨੰਬਰ (ਈ-711675/2024)/(ਪੀ-3)

ਮਿਤੀ 18.08.2025

ਵਿਸ਼ਾ- ਓ.ਸੀ.ਟੀ. ਕਾਡਰ ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਸਬੰਧੀ।

1. ਪੰਜਾਬ ਰਾਜ ਦੇ ਸਮੂਹ ਜਿਲਿਆਂ ਤੋਂ ਪ੍ਰਾਪਤ ਸੂਚਨਾਂ ਦੇ ਆਧਾਰ ਤੇ ਓ.ਸੀ.ਟੀ. ਕਾਡਰ (ਪੀ.ਟੀ.ਆਈ., ਆਰਟ / ਕਰਾਫਟ ਟੀਚਰ ਆਦਿ) ਦੀ ਸਾਂਝੀ ਇੰਟਰਸੇ ਸੀਨੀਆਰਤਾ ਤਿਆਰ ਕੀਤੀ ਗਈ ਹੈ।
2. ਉਕਤ ਅਨੁਸਾਰ ਤਿਆਰ ਕੀਤੀ ਗਈ ਵਿਸ਼ਾਵਾਰ ਇੰਟਰਸੇ ਸੀਨੀਆਰਤਾ ਇਸ ਨੋਟਿਸ ਨਾਲ ਭੇਜਦਿਆਂ ਲਿਖਿਆ ਜਾਂਦਾ ਹੈ ਕਿ, ਜੋ ਕਰਮਚਾਰੀ ਮਿਤੀ 02.06.2025 ਨੂੰ ਮਾਸਟਰ ਕਾਡਰ ਦੇ ਜਿਸ ਵਿਸ਼ੇ ਵਿੱਚ ਵੀ ਪਦ-ਉੱਨਤੀ ਦੀਆਂ ਯੋਗਤਾਵਾਂ ਪੂਰੀਆਂ ਕਰਦਾ ਹੈ, ਉਹ ਆਪਣਾ ਕੇਸ ਨਾਲ ਨੱਥੀ, ਪ੍ਰੋਫਾਰਮੇ ਵਿੱਚ ਤਿਆਰ ਕਰਕੇ ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਦੇ ਦਫ਼ਤਰ ਵਿਖੇ ਮਿਤੀ 22.08.2025 ਤੱਕ ਪੇਸ਼ ਕਰੇਗਾ।
3. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਨੂੰ ਲਿਖਿਆ ਜਾਂਦਾ ਹੈ ਕਿ ਉਹ ਸਾਰੇ ਕੇਸਾਂ ਦੇ ਵਿਸ਼ਾਵਾਰ ਬੰਡਲ ਤਿਆਰ ਕਰਕੇ ਆਪਣੇ ਦਫ਼ਤਰ ਦੇ ਰਿਕਾਰਡ ਵਿੱਚ ਰੱਖਣਗੇ ਅਤੇ ਨਾਲ ਨੱਥੀ, ਪ੍ਰੋਫਾਰਮੇ ਅਨੁਸਾਰ ਵਿਸ਼ਾਵਾਰ ਪਾਤਰਤਾ ਸੂਚੀਆਂ ਸੰਕਲਿਤ ਰੂਪ ਵਿੱਚ ਤਿਆਰ ਕਰਨਗੇ। ਇਹ ਪਾਤਰਤਾ ਸੂਚੀਆਂ (ਅਸਲ ਅਤੇ ਸਾਫਟ ਕਾਪੀ) ਮਿਤੀ 27.08.2025 ਤੱਕ ਦਸਤੀ ਮੁੱਖ ਦਫ਼ਤਰ ਦੇ ਪ੍ਰਮੋਸ਼ਨ ਸੈੱਲ ਵਿੱਚ ਪੇਸ਼ ਕੀਤੀਆਂ ਜਾਣ।
4. ਮਾਸਟਰ ਕਾਡਰ ਦੇ ਹਰੇਕ ਵਿਸ਼ੇ ਦੀ ਸੂਚੀ ਵੱਖਰੀ ਤਿਆਰ ਕੀਤੀ ਜਾਵੇ।
5. ਪਾਤਰਤਾ ਸੂਚੀ ਦਾ ਪ੍ਰੋਫਾਰਮਾ ਅੰਗਰਜੀ ਭਾਸ਼ਾ ਦੇ Times New Roman ਫੌਂਟ, Size 11, ਵਿੱਚ ਤਿਆਰ ਕੀਤਾ ਜਾਵੇ ਅਤੇ ਪ੍ਰੋਫਾਰਮੇ ਦਾ ਕੋਈ ਕਾਲਮ ਖਾਲੀ ਨਾ ਛੱਡਿਆ ਜਾਵੇ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)

ਨੱਥੀ- ਇੰਟਰਸੇ ਸੀਨੀਆਰਤਾ ਸੂਚੀ

ਪਦ-ਉੱਨਤੀ ਲਈ ਪਾਤਰਤਾ ਸੂਚੀ ਦਾ ਪ੍ਰੋਫਾਰਮਾ